# GURU NANAK DEV UNIVERSITY, AMRITSAR

(Established by the state legislature Act No. 21 of 1969)

## YOUTH WELFARE DEPARTMENT

No : YWD/-3394
Dated : 21-9-17

ਯੂਨੀਵਰਸਿਟੀ ਜ਼ੋਨਲ ਯੂਥ ਫੈਸਟੀਵਲ ਵਿਚ ਹਿੱਸਾ ਲੈਣ ਵਾਲੇ
ਸਬੰਧਿਤ ਕਾਲਜਾਂ,ਕਾਂਸਟੀਚਿਊਟ ਕਾਲਜਾਂ ਦੇ ਪ੍ਰਿੰਸੀਪਲ ਸਾਹਿਬਾਨ,
ਯੂਨੀਵਰਸਿਟੀ ਕੈਂਪਸ ਦੇ ਐਸੋਸੀਏਟ ਡੀਨ, ਡੀਨ ਵਿਦਿਆਰਥੀ ਭਲਾਈ,
ਓ.ਐਸ.ਡੀ. ਸਾਹਿਬਾਨ, ਐਸੋਸੀਏਟ ਇੰਸਟੀਚਿਊਟਸ ਦੇ ਕੋਆਰਡੀਨੇਟਰ/
ਪ੍ਰਿੰਸੀਪਲ ਸਾਹਿਬਾਨ।

**ਵਿਸ਼ਾ : ਯੂਨੀਵਰਸਿਟੀ ਯੂਥ ਫੈਸਟੀਵਲਜ਼ ਨਾਲ ਸਬੰਧਿਤ ਕੁਝ ਜਰੂਰੀ ਹਦਾਇਤਾਂ ਸਬੰਧੀ**

ਸ੍ਰੀ ਮਾਨ/ਮਤੀ ਜੀ,

ਬੇਨਤੀ ਹੈ ਕਿ ਵਿਭਾਗ ਦੁਆਰਾ ਸਾਲ 2017-18 ਲਈ ਆਯੋਜਿਤ ਕਰਾਏ ਜਾ ਰਹੇ ਜ਼ੋਨਲ ਯੂਥ ਫੈਸਟੀਵਲ ਵਿਚ ਹਿੱਸਾ ਲੈਣ ਲਈ ਆਪ ਜੀ ਦੇ ਕਾਲਜ ਦੁਆਰਾ ਟੀਮਾਂ ਭੇਜੀਆਂ ਜਾ ਰਹੀਆਂ ਹਨ। ਫੈਸਟੀਵਲ ਨਾਲ ਸਬੰਧਿਤ ਕੁਝ ਜਰੂਰੀ ਹਦਾਇਤਾਂ ਇਸ ਤਰ੍ਹਾਂ ਹਨ, ਜਿਸ ਤੋ ਸਬੰਧਿਤ ਟੀਚਰ-ਇੰਚਾਰਜ ਨੂੰ ਜਾਣੂ ਕਰਾਉਣ ਦੀ ਖੇਚਲ ਕੀਤੀ ਜਾਏ ਜੀ :

1) ਜ਼ੋਨਲ ਯੂਥ ਫੈਸਟੀਵਲ ਦੌਰਾਨ ਸਾਰੇ ਦਿਨਾਂ ਲਈ ਹੋਣ ਵਾਲੇ ਹਰੇਕ ਆਈਟਮ ਦੇ ਮੁਕਾਬਲੇ ਵਿਚ ਹਿੱਸਾ ਲੈਣ ਵਾਲੇ ਵਿਦਿਆਰਥੀਆਂ ਦੇ ਪੂਰੇ ਵੇਰਵੇ ਨਾਲ ਸਬੰਧਿਤ ਅਥਾਰਟੀ ਲੈਟਰ (**Authority Letter**) ਜੋ ਕਿ ਕਾਲਜ/ਇੰਸਟੀਚਿਊਟ ਪ੍ਰਿੰਸੀਪਲ ਅਤੇ ਡੀਨ ਯੂਨੀਵਰਸਿਟੀ ਕੈਂਪਸਜ਼ ਦੁਆਰਾ ਦਸਤਖਤ ਕੀਤੀ ਹੋਏ, ਵਿਭਾਗ ਦੇ ਦਫਤਰ ਵਿਖੇ ਫੈਸਟੀਵਲ ਦੇ ਪਹਿਲੇ ਦਿਨ ਹੀ ਹਰ ਹਾਲਤ ਵਿਚ ਜਮ੍ਹਾਂ ਕਰਾਈ ਜਾਏ।
2) ਐਂਟਰੀ ਫਾਰਮ ਵਿਚ ਭੇਜੀ ਆਈਟਮ ਵਿਚ ਭਾਗ ਨਾ ਲੈਣ ਦੀ ਸੂਰਤ ਵਿਚ 5000/- ਰੁਪੈ ਪ੍ਰਤੀ ਆਈਟਮ ਜੁਰਮਾਨਾ ਹੋਏਗਾ ਅਤੇ ਜੁਰਮਾਨਾ ਫੈਸਟੀਵਲ ਦੇ ਅਖੀਰਲੇ ਦਿਨ ਤੱਕ ਹਰ ਹਾਲਤ ਵਿਚ ਅਦਾ ਕਰਨਾ ਹੋਏਗਾ। ਬਣਦਾ ਜੁਰਮਾਨਾ ਫੈਸਟੀਵਲ ਦੇ ਅਖੀਰਲੇ ਦਿਨ ਤੱਕ ਜਮ੍ਹਾਂ ਨਾ ਕਰਾਏ ਜਾਣ ਕਰਕੇ ਸਬੰਧਿਤ ਕਾਲਜ/ਸੰਸਥਾ/ਕੈਂਪਸ ਨੂੰ ਆਉਣ ਵਾਲੇ ਸਾਲ ਦੌਰਾਨ ਆਯੋਜਿਤ ਹੋਣ ਵਾਲੇ ਜ਼ੋਨਲ ਯੂਥ ਫੈਸਟੀਵਲ ਵਿਚ ਹਿੱਸਾ ਲੈਣ ਤੋ ਵਰਜਿਤ (**Debar**) ਕੀਤਾ ਜਾਏਗਾ।
3) ਜੇਕਰ ਮਜਬੂਰੀ ਦੀ ਹਾਲਤ ਵਿਚ ਵਿਦਿਆਰਥੀ ਬਦਲਣ ਦੀ ਜਰੂਰਤ ਪੈਂਦੀ ਹੈ ਤਾਂ ਉਸ ਸਬੰਧੀ ਡਾਇਰੈਕਟਰ ਯੁਵਕ ਭਲਾਈ ਨੂੰ ਲਿਖਤੀ ਰੂਪ ਵਿਚ ਵਿਦਿਆਰਥੀ ਬਦਲਣ ਦੀ ਲੋੜ ਦਾ ਕਾਰਨ ਦੱਸਦੇ ਹੋਏ ਪੱਤਰ ਦੇ ਕੇ ਅਗਾਊ ਪ੍ਰਵਾਨਗੀ ਲੈਣੀ ਅਤੀ ਜਰੂਰੀ ਹੈ। ਕੇਵਲ ਉਹ ਵਿਦਿਆਰਥੀ ਹੀ ਬਦਲਿਆ ਜਾ ਸਕਦਾ ਹੈ, ਜਿਸ ਦਾ ਨਾਮ ਵਿਭਾਗ ਨੂੰ ਕਾਲਜ ਦੁਆਰਾ ਭੇਜੀ ਗਈ ਰੀਜ਼ਰਵ ਰੱਖੇ ਗਏ ਵਿਦਿਆਰਥੀਆਂ (**Reserved Students**) ਦੀ ਸੂਚੀ ਵਿਚ ਦਰਜ਼ ਹੈ।
4) ਕੁਝ ਆਈਟਮਾਂ ਦੇ ਨਿਯਮਾਂ ਵਿਚ ਹੇਠ ਲਿਖਤ ਅਨੁਸਾਰ ਸੋਧ ਕੀਤੀ ਗਈ ਹੈ :
   **ੳ) ਓਨ ਦੀ ਸਪਾਟ ਫੋਟੋਗ੍ਰਾਫੀ** : ਵਿਦਿਆਰਥੀ/ਭਾਗੀਦਾਰ ਆਪਣਾ ਡਿਜੀਟਲ ਕੈਮਰਾ ਲੈ ਕੇ ਆਏ, ਜੋ ਕਿ 12 ਮੈਗਾ ਪਿਕਸਲ (**12 Mega Pixel**) ਤੋ ਵੱਧ ਨਾ ਹੋਏ
   **ਅ) ਇੰਸਟਾਲੇਸ਼ਨ** : ਇੰਸਟਾਲੇਸ਼ਨ ਆਈਟਮ ਤਿਆਰ ਕਰਦੇ ਸਮੇ **Thinner based color/paint** ਵਰਤਣ ਦੀ ਇਜ਼ਾਜ਼ਤ ਨਹੀ ਹੈ।

ਸਬੰਧਿਤ ਟੀਚਰ-ਇੰਚਾਰਜ ਨੂੰ ਉਪਰੋਕਤ ਹਦਾਇਤਾਂ ਆਦਿ ਤੋ ਜਾਣੂ ਕਰਾਉਣ ਦੀ ਖੇਚਲ ਕੀਤੀ ਜਾਏ ਜੀ,

ਧੰਨਵਾਦ ਤੇ ਸਤਿਕਾਰ ਸਹਿਤ,

ਵਿਸ਼ਵਾਸ਼ ਪਾਤਰ,

(ਡਾ. ਜਗਜੀਤ ਕੌਰ)
ਡਾਇਰੈਕਟਰ ਯੁਵਕ ਭਲਾਈ

# GURU NANAK DEV UNIVERSITY, AMRITSAR

(Established by the state legislature Act No. 21 of 1969)

## YOUTH WELFARE DEPARTMENT


No : YWD/-3392
Dated : 21-9-17

ਜ਼ੋਨ 'ਏ' ਅਤੇ ਜ਼ੋਨ 'ਬੀ' ਦੇ ਜ਼ੋਨਲ ਯੂਥ ਫੈਸਟੀਵਲਾਂ
ਵਿਚ ਹਿੱਸਾ ਲੈਣ ਵਾਲੇ ਸਬੰਧਿਤ ਕਾਲਜਾਂ ਦੇ ਪ੍ਰਿੰਸੀਪਲ ਸਾਹਿਬਾਨ।

**ਵਿਸ਼ਾ : 'ਏ' ਅਤੇ 'ਬੀ' ਜ਼ੋਨ ਦੇ ਜ਼ੋਨਲ ਯੂਥ ਫੈਸਟੀਵਲਜ਼ ਦੇ ਆਯੋਜਨ ਦੀ ਤਾਰੀਖ ਵਿਚ ਹੋਈ ਤਬਦੀਲੀ ਸਬੰਧੀ**

ਸ੍ਰੀ ਮਾਨ/ਮਤੀ ਜੀ,

ਬੇਨਤੀ ਹੈ ਕਿ ਮਾਨਯੋਗ ਉਪ-ਕੁਲਪਤੀ ਜੀ ਦੇ ਆਦੇਸ਼ਾਂ ਨਾਲ ਜ਼ੋਨ 'ਏ' ਅਤੇ ਜ਼ੋਨ 'ਬੀ' ਦੇ ਜ਼ੋਨਲ ਯੂਥ ਫੈਸਟੀਵਲ ਦੇ ਆਯੋਜਨ ਦੀ ਤਾਰੀਖ ਵਿਚ ਤਬਦੀਲੀ ਕੀਤੀ ਗਈ ਹੈ। ਫੈਸਟੀਵਲਾਂ ਦਾ ਸ਼ੈਡਿਊਲ ਹੇਠ ਲਿਖਤ ਅਨੁਸਾਰ ਹੈ :

1) **ਜ਼ੋਨ 'ਏ' ਜ਼ੋਨਲ ਯੂਥ ਫੈਸਟੀਵਲ : 9-12 ਅਕਤੂਬਰ, 2017 ਯੂਨੀਵਰਸਿਟੀ ਕੈਂਪਸ, ਅੰਮ੍ਰਿਤਸਰ**
2) **ਜ਼ੋਨ 'ਬੀ' ਜ਼ੋਨਲ ਯੂਥ ਫੈਸਟੀਵਲ : 14-17 ਅਕਤੂਬਰ, 2017 ਯੂਨੀਵਰਸਿਟੀ ਕੈਂਪਸ, ਅੰਮ੍ਰਿਤਸਰ**

ਆਪ ਜੀ ਨੂੰ ਬੇਨਤੀ ਹੈ ਕਿ ਆਪ ਸਬੰਧਿਤ ਟੀਚਰ-ਇੰਚਾਰਜ ਨੂੰ ਸੂਚਿਤ ਕਰਨ ਦੀ ਖੇਚਲ ਕਰਨਾ ਜੀ।

ਧੰਨਵਾਦ ਤੇ ਸਤਿਕਾਰ ਸਹਿਤ,

ਵਿਸਵਾਸ਼ ਪਾਤਰ,

(ਡਾ. ਜਗਜੀਤ ਕੌਰ)
ਡਾਇਰੈਕਟਰ ਯੁਵਕ ਭਲਾਈ